ਮਿੱਠੇ ਬੱਚੇ:- ਤੁਹਾਨੂੰ ਸਦਗਤੀ ਦੀ ਸਭ ਤੋਂ ਪਿਆਰੀ ਮਤ ਮਿਲੀ ਹੈ ਕਿ ਦੇਹ ਕੇ ਸਭ ਧਰਮ ਤਿਆਗ ਆਤਮ ਅਭਿਮਾਨੀ ਭਵ , ਮਾਮੇਕਮ ਯਾਦ ਕਰੋ "

ਪ੍ਰਸ਼ਨ:- ਜੋ ਪਰਮਾਤਮਾ ਨੂੰ ਨਾਮ ਰੂਪ ਤੋਂ ਨਿਆਰਾ ਕਹਿੰਦੇ ਹਨ, ਉਨ੍ਹਾਂਨੂੰ ਤੁਸੀਂ ਕਿਹੜਾ ਪ੍ਰਸ਼ਨ ਪੁੱਛ ਸਕਦੇ ਹੋ?

ਉੱਤਰ:- ਉਨ੍ਹਾਂ ਨੂੰ ਪੁੱਛੋ ਗੀਤਾ ਵਿੱਚ ਜੋ ਵਿਖਾਉਂਦੇ ਹਨ ਅਰਜੁਨ ਨੂੰ ਅਖੰਡ ਜੋਤੀ ਸਵਰੂਪ ਦਾ ਸਾਖਸ਼ਤਕਾਰ ਹੋਇਆ, ਬੋਲਿਆ ਬਸ ਕਰੋ ਮੈਂ ਸਹਿਣ ਨਹੀਂ ਕਰ ਸਕਦਾ। ਤਾਂ ਫਿਰ ਨਾਮ ਰੂਪ ਤੋਂ ਨਿਆਰਾ ਕਿਵੇਂ ਕਹਿੰਦੇ ਹੋ। ਬਾਬਾ ਕਹਿੰਦੇ ਹਨ ਮੈਂ ਤੇ ਤੁਹਾਡਾ ਬਾਪ ਹਾਂ। ਬਾਪ ਦਾ ਰੂਪ ਵੇਖਕੇ ਬੱਚਾ ਖੁਸ਼ ਹੋਵੇਗਾ, ਉਹ ਕਿਵੇਂ ਕਹੇਗਾ ਕਿ ਮੈਂ ਸਹਿਣ ਨਹੀਂ ਕਰ ਸਕਦਾ।

ਗੀਤ:- ਤੇਰੇ ਦਵਾਰ ਖੜ੍ਹਾ...

ਓਮ ਸ਼ਾਂਤੀ। ਭਗਤ ਕਹਿੰਦੇ ਅਸੀਂ ਬਹੁਤ ਕੰਗਾਲ ਬਣ ਗਏ ਹਾਂ। ਹੇ ਬਾਬਾ ਸਾਡੀ ਸਭ ਦੀ ਝੋਲੀ ਭਰ ਦੇਵੋ। ਭਗਤ ਗਾਉਂਦੇ ਰਹਿੰਦੇ ਹਨ ਜਨਮ ਦਰ ਜਨਮ। ਸਤਿਯੁਗ ਵਿੱਚ ਭਗਤੀ ਹੁੰਦੀ ਨਹੀਂ। ਉੱਥੇ ਪਾਵਨ ਦੇਵੀ - ਦੇਵਤੇ ਹੁੰਦੇ ਹਨ। ਭਗਤਾਂ ਨੂੰ ਕਦੇ ਦੇਵਤਾ ਨਹੀਂ ਕਿਹਾ ਜਾਂਦਾ। ਜੋ ਸਵਰਗਵਾਸੀ ਦੇਵਤਾ ਹੁੰਦੇਂ ਹਨ ਉਹ ਫਿਰ ਜਨਮ ਲੈਂਦੇ - ਲੈਂਦੇ ਨਰਕਵਾਸੀ, ਪੁਜਾਰੀ, ਭਗਤ, ਕੰਗਾਲ ਬਣਦੇ ਹਨ। ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ। ਬਾਪ ਨੂੰ ਇੱਕ ਵੀ ਮਨੁੱਖ ਨਹੀਂ ਜਾਣਦੇ। ਬਾਪ ਜਦੋਂ ਆਉਣ ਉਦੋਂ ਆਕੇ ਆਪਣਾ ਪਰਿਚੈ ਦੇਣ। ਭਗਵਾਨ ਨੂੰ ਹੀ ਬਾਬਾ ਕਿਹਾ ਜਾਂਦਾ ਹੈ। ਸਾਰੇ ਭਗਤਾਂ ਦਾ ਹੈ ਇੱਕ ਭਗਵਾਨ। ਬਾਕੀ ਸਭ ਹਨ ਭਗਤ। ਚਰਚ ਆਦਿ ਵਿੱਚ ਜਾਂਦੇ ਹਨ ਤਾਂ ਜ਼ਰੂਰ ਭਗਤ ਠਹਿਰੇ ਨਾ। ਇਸ ਸਮੇਂ ਸਭ ਪਤਿਤ ਤਮੋਪ੍ਰਧਾਨ ਹਨ, ਇਸਲਈ ਸਾਰੇ ਪੁਕਾਰਦੇ ਹਨ ਹੇ ਪਤਿਤਾਂ ਨੂੰ ਪਾਵਨ ਬਨਾਉਣ ਵਾਲੇ ਆਓ। ਹੇ ਬਾਬਾ ਸਾਡੀ ਭਗਤਾਂ ਦੀ ਝੋਲੀ ਭਰ ਦੇਵੋ। ਭਗਤ ਭਗਵਾਨ ਤੋਂ ਧਨ ਮੰਗਦੇ ਹਨ। ਤੁਸੀਂ ਬੱਚੇ ਕੀ ਮੰਗਦੇ ਹੋ? ਤੁਸੀਂ ਕਹਿੰਦੇ ਹੋ ਬਾਬਾ ਸਾਨੂੰ ਸਵਰਗ ਦਾ ਮਾਲਿਕ ਬਣਾਓ। ਉੱਥੇ ਤਾਂ ਅਥਾਹ ਧਨ ਹੁੰਦਾ ਹੈ। ਹੀਰੇ ਜਵਾਹਰਤਾਂ ਦੇ ਮਹਿਲ ਹੁੰਦੇ ਹਨ। ਹੁਣ ਤੁਸੀਂ ਜਾਣਦੇ ਹੋ ਅਸੀਂ ਭਗਵਾਨ ਦਵਾਰਾ ਰਾਜਾਈ ਦਾ ਵਰਸਾ ਪਾ ਰਹੇ ਹਾਂ। ਇਹ ਸੱਚੀ ਗੀਤਾ ਹੈ। ਉਹ ਗੀਤਾ ਨਹੀਂ। ਉਹ ਤਾਂ ਕਿਤਾਬ ਆਦਿ ਭਗਤੀਮਾਰਗ ਲਈ ਬਣਾਏ ਹਨ। ਉਨ੍ਹਾਂ ਨੂੰ ਭਗਵਾਨ ਨੇ ਗਿਆਨ ਨਹੀਂ ਦਿੱਤਾ ਹੈ। ਭਗਵਾਨ ਤਾਂ ਇਸ ਸਮੇਂ ਨਰ ਤੋਂ ਨਰਾਇਣ ਬਨਾਉਣ ਲਈ ਰਾਜਯੋਗ ਸਿਖਾਉਂਦੇ ਹਨ। ਰਾਜਾ ਦੇ ਨਾਲ ਪ੍ਰਜਾ ਵੀ ਜ਼ਰੂਰ ਹੋਵੇਗੀ। ਸਿਰਫ਼ ਲਕਸ਼ਮੀ - ਨਾਰਾਇਣ ਤਾਂ ਨਹੀਂ ਬਣਨਗੇ। ਸਾਰੀ ਰਾਜਧਾਨੀ ਬਣਦੀ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ ਕਿ ਭਗਵਾਨ ਕੌਣ ਹੈ ਹੋਰ ਕੋਈ ਵੀ ਮਨੁੱਖ ਮਾਤਰ ਨਹੀਂ ਜਾਣਦੇ। ਬਾਪ ਕਹਿੰਦੇ ਹਨ ਤੁਸੀਂ ਕਹਿੰਦੇ ਹੋ ਓ ਗੌਡ ਫਾਦਰ, ਤਾਂ ਦੱਸੋ ਤੁਹਾਡੇ ਗੌਡ ਫਾਦਰ ਦਾ ਨਾਮ, ਰੂਪ, ਦੇਸ਼, ਕਾਲ ਕੀ ਹੈ? ਨਾ ਭਗਵਾਨ ਨੂੰ ਜਾਣਦੇ ਹਨ , ਨਾ ਉਨ੍ਹਾਂ ਦੀ ਰਚਨਾ ਨੂੰ ਜਾਣਦੇ ਹਨ। ਬਾਪ ਆਕੇ ਕਹਿੰਦੇ ਹਨ ਕਲਪ - ਕਲਪ ਦੇ ਸੰਗਮ ਤੇ ਆਉਂਦਾ ਹਾਂ। ਸਾਰੀ ਰਚਨਾ ਦੇ ਆਦਿ - ਮੱਧ - ਅੰਤ ਦਾ ਰਾਜ਼ ਮੈਂ "ਰਚਤਾ" ਹੀ ਆਕੇ ਸਮਝਾਉਂਦਾ ਹਾਂ। ਕਈ ਤਾਂ ਕਹਿੰਦੇ ਹਨ - ਉਹ ਨਾਮ ਰੂਪ ਤੋਂ ਨਿਆਰਾ ਹੈ, ਉਹ ਆ ਨਹੀਂ ਸਕਦਾ। ਤੁਸੀਂ ਜਾਣਦੇ ਹੋ ਬਾਪ ਆਇਆ ਹੈ। ਸ਼ਿਵ ਜਯੰਤੀ ਵੀ ਨਿਰਾਕਾਰ ਬਾਪ ਦੀ ਗਾਈ ਜਾਂਦੀ ਹੈ ਤਾਂ ਕ੍ਰਿਸ਼ਨ ਜਯੰਤੀ ਵੀ ਗਾਈ ਜਾਂਦੀ ਹੈ। ਹੁਣ ਸ਼ਿਵ ਜਯੰਤੀ ਕਦੋਂ ਹੁੰਦੀ ਹੈ, ਉਹ ਪਤਾ ਹੋਣਾ ਚਾਹੀਦਾ ਹੈ ਨਾ। ਜਿਵੇਂ ਕ੍ਰਿਸ਼ਚਨਾ ਨੂੰ ਪਤਾ ਹੈ ਕਿ ਕ੍ਰਾਇਸਟ ਦਾ ਜਨਮ ਕਦੋਂ ਹੋਇਆ, ਕ੍ਰਿਸ਼ਚਨ ਧਰਮ ਕਦੋਂ ਸਥਾਪਨ ਹੋਇਆ। ਇਹ ਤਾਂ ਹੈ ਭਾਰਤ ਦੀ ਗੱਲ। ਭਗਵਾਨ ਭਾਰਤ ਦੀ ਝੋਲੀ ਕਦੋਂ ਭਰਦੇ ਹਨ? ਭਗਤ ਪੁਕਾਰਦੇ ਹਨ ਹੇ ਭਗਵਾਨ ਝੋਲੀ ਭਰ ਦੇਵੋ। ਸਦਗਤੀ ਵਿੱਚ ਲੈ ਜਾਵੋ ਕਿਉਂਕਿ ਅਸੀਂ ਦੁਰਗਤੀ ਵਿੱਚ ਪਏ ਹਾਂ, ਤਮੋਪ੍ਰਧਾਨ ਹਾਂ। ਆਤਮਾ ਹੀ ਸ਼ਰੀਰ ਦੇ ਨਾਲ ਭੋਗਦੀ ਹੈ। ਕਈ ਮਨੁੱਖ ਸਾਧੂ ਸੰਤ ਆਦਿ ਕਹਿੰਦੇ ਹਨ ਕਿ ਆਤਮਾ ਨਿਰਲੇਪ ਹੈ। ਕਹਿੰਦੇ ਵੀ ਹਨ ਚੰਗੇ ਬੁਰੇ ਸੰਸਕਾਰ ਆਤਮਾ ਵਿੱਚ ਰਹਿੰਦੇ ਹਨ। ਉਸ ਆਧਾਰ ਤੇ ਆਤਮਾ ਜਨਮ ਲੈਂਦੀ ਹੈ। ਫਿਰ ਕਹਿੰਦੇ ਆਤਮਾ ਤੇ ਨਿਰਲੇਪ ਹੈ। ਕੋਈ ਵੀ ਬੁੱਧੀਵਾਨ ਮਨੁੱਖ ਨਹੀਂ ਜੋ ਸਮਝਾਵੇ। ਇਸ ਵਿੱਚ ਵੀ ਕਈ ਮੱਤਾਂ ਹਨ। ਜੋ ਘਰ ਤੋਂ ਰੁਸਦੇ ਉਹ ਸ਼ਾਸਤਰ ਬਣਾ ਦਿੰਦੇ। ਸ਼੍ਰੀਮਤ ਭਾਗਵਤ ਗੀਤਾ ਹੈ ਇੱਕ। ਵਿਆਸ ਨੇ ਜੋ ਸ਼ਲੋਕ ਆਦਿ ਬਣਾਏ ਹਨ ਉਹ ਕੋਈ ਭਗਵਾਨ ਨੇ ਨਹੀਂ ਗਾਏ ਹਨ। ਭਗਵਾਨ ਨਿਰਾਕਾਰ ਜੋ ਗਿਆਨ ਦਾ ਸਾਗਰ ਹੈ, ਉਹ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ ਕਿ ਭਗਵਾਨ ਇੱਕ ਹੈ। ਭਾਰਤਵਾਸੀਆਂ ਨੂੰ ਇਹ ਪਤਾ ਨਹੀਂ ਹੈ। ਗਾਉਂਦੇ ਵੀ ਹਨ ਈਸ਼ਵਰ ਦੀ ਗਤ - ਮਤ ਨਿਆਰੀ ਹੈ। ਚੰਗਾ ਕਿਹੜੀ ਗਤਿ ਮਤ ਨਿਆਰੀ ਹੈ? ਈਸ਼ਵਰ ਦੀ ਗਤਿ ਮਤ ਨਿਆਰੀ ਹੈ ਇਹ ਕਿਸਨੇ ਕਿਹਾ? ਆਤਮਾ ਕਹਿੰਦੀ ਹੈ, ਉਸਦੀ ਸਦਗਤੀ ਦੇ ਲਈ ਜੋ ਮਤ ਹੈ, ਉਸਨੂੰ ਸ਼੍ਰੀਮਤ ਕਿਹਾ ਜਾਂਦਾ ਹੈ। ਕਲਪ - ਕਲਪ ਤੁਹਾਨੂੰ ਆਕੇ ਸਮਝਾਉਂਦਾ ਹਾਂ - ਮਨਮਨਾਭਵ। ਦੇਹ ਦੇ ਸਭ ਧਰਮ ਤਿਆਗ ਆਤਮ - ਅਭਿਮਾਨੀ ਭਵ। ਮਾਮੇਕਮ ਯਾਦ ਕਰੋ। ਹੁਣ ਤੁਸੀਂ ਮਨੁੱਖ ਤੋਂ ਦੇਵਤਾ ਬਣ ਰਹੇ ਹੋ। ਇਸ ਰਾਜਯੋਗ ਦੀ ਐਮ ਆਬਜੈਕਟ ਹੈ ਹੀ ਲਕਸ਼ਮੀ - ਨਾਰਾਇਣ ਬਣਨਾ। ਪੜ੍ਹਾਈ ਨਾਲ ਕੋਈ ਰਾਜਾ ਬਣਦੇ ਨਹੀਂ ਹਨ। ਅਜਿਹਾ ਕੋਈ ਸਕੂਲ ਨਹੀਂ ਹੈ। ਗੀਤਾ ਵਿੱਚ ਹੀ ਹੈ, ਤੁਸੀਂ ਬੱਚਿਆਂ ਨੂੰ ਰਾਜਯੋਗ ਸਿਖਾਉਂਦਾ ਹਾਂ। ਆਉਂਦਾ ਵੀ ਉਦੋਂ ਹਾਂ ਜਦੋਂ ਕਿ ਕੋਈ ਵੀ ਰਾਜੇ ਦਾ ਰਾਜ ਨਹੀਂ ਰਹਿੰਦਾ। ਮੈਨੂੰ ਇੱਕ ਵੀ ਮਨੁੱਖ ਬਿਲਕੁਲ ਨਹੀਂ ਜਾਣਦੇ। ਬਾਬਾ ਕਹਿੰਦੇ ਹਨ ਕਿ ਤੁਸੀਂ ਬੱਚਿਆਂ ਨੇ ਇਨ੍ਹਾਂ ਵੱਡਾ ਲਿੰਗ ਜੋ ਬਣਾਇਆ ਹੈ, ਉਹ ਮੇਰਾ ਕੋਈ ਰੂਪ ਨਹੀਂ ਹੈ। ਮਨੁੱਖ ਕਹਿ ਦਿੰਦੇ ਕਿ ਅਖੰਡ ਜੋਤੀ ਰੂਪ ਪਰਮਾਤਮਾ, ਤੇਜੋਮਈ ਹੈ। ਅਰਜੁਨ ਨੇ ਵੇਖਕੇ ਕਿਹਾ ਬਸ ਕਰੋ, ਮੈਂ ਸਹਿਣ ਨਹੀਂ ਕਰ ਸਕਦਾ ਹਾਂ। ਅਰੇ ਬੱਚਾ ਬਾਪ ਦਾ ਰੂਪ ਵੇਖ ਸਹਿਣ ਨਾ ਕਰ ਸਕੇ, ਇਹ ਕਿਵੇਂ ਹੋ ਸਕਦਾ ਹੈ। ਬੱਚਾ ਤਾਂ ਬਾਪ ਨੂੰ ਵੇਖ ਖੁਸ਼ ਹੋਵੇਗਾ

ਨਾ। ਬਾਪ ਕਹਿੰਦੇ ਹਨ ਕਿ ਮੇਰਾ ਕੋਈ ਅਜਿਹਾ ਰੂਪ ਥੋੜ੍ਹੀ ਨਾ ਹੈ। ਮੈਂ ਹਾਂ ਹੀ ਪਰਮਪਿਤਾ ਮਤਲਬ ਪਰੇ ਤੋਂ ਪਰੇ ਰਹਿਣ ਵਾਲਾ ਪਰਮ ਆਤਮਾ ਮਾਨਾ ਪਰਮਾਤਮਾ। ਫਿਰ ਗਾਉਂਦੇ ਹਨ ਪਰਮਾਤਮਾ ਮਨੁੱਖ ਸ੍ਰਿਸ਼ਟੀ ਦਾ ਬੀਜਰੂਪ ਹੈ। ਉਨ੍ਹਾਂ ਦੀ ਭਗਤ ਮਹਿਮਾ ਕਰਦੇ ਹਨ। ਸਤਿਯੁਗ ਤ੍ਰੇਤਾ ਵਿੱਚ ਕੋਈ ਮਹਿਮਾ ਨਹੀਂ ਕਰਦੇ ਕਿਉਂਕਿ ਉੱਥੇ ਤਾਂ ਹੈ ਸੁੱਖ। ਗਾਉਂਦੇ ਵੀ ਹਨ ਦੁਖ ਵਿੱਚ ਸਿਮਰਨ ਸਭ ਕਰੇ, ਸੁਖ ਵਿੱਚ ਕਰੇ ਨਾ ਕੋਈ। ਇਸ ਦਾ ਵੀ ਅਰਥ ਨਹੀਂ ਸਮਝਦੇ ਹਨ। ਤੋਤੇ ਮੁਆਫ਼ਿਕ ਸਭ ਕਹਿੰਦੇ ਰਹਿੰਦੇ ਹਨ। ਸੁਖ ਕਦੋਂ ਹੁੰਦਾ ਹੈ, ਦੁਖ ਕਦੋਂ ਹੁੰਦਾ ਹੈ। ਭਾਰਤ ਦੀ ਤੇ ਗੱਲ ਹੈ ਨਾ। 5 ਹਜ਼ਾਰ ਵਰ੍ਹੇ ਪਹਿਲੇ ਸਵਰਗ ਸੀ ਫਿਰ ਤ੍ਰੇਤਾ ਵਿੱਚ ਦੋ ਕਲਾਵਾਂ ਘੱਟ ਹੋ ਗਈਆਂ। ਸਤਿਯੁਗ ਤ੍ਰੇਤਾ ਵਿੱਚ ਦੁਖ ਦਾ ਨਾਮ ਨਹੀਂ ਰਹਿੰਦਾ। ਹੈ ਹੀ ਸੁਖਧਾਮ। ਸਵਰਗ ਕਹਿਣ ਨਾਲ ਮੂੰਹ ਮਿੱਠਾ ਹੁੰਦਾ ਹੈ। ਹੈਵਿਨ ਵਿੱਚ ਫਿਰ ਦੁਖ ਕਿਥੋਂ ਆਇਆ। ਕਹਿੰਦੇ ਹਨ ਕਿ ਉੱਥੇ ਵੀ ਜਰਾਸੰਧ ਆਦਿ ਸਨ ਪਰ ਇਹ ਹੋ ਨਹੀਂ ਸਕਦਾ।

ਭਗਤ ਸਮਝਦੇ ਹਨ ਕਿ ਅਸੀਂ ਨੌਂਧਾ ਭਗਤੀ ਕਰਦੇ ਹਾਂ ਤਾਂ ਦੀਦਾਰ ਹੁੰਦਾ ਹੈ। ਦੀਦਾਰ ਹੋਣਾ ਗੋਇਆ ਸਾਨੂੰ ਭਗਵਾਨ ਮਿਲਿਆ। ਲਕਸ਼ਮੀ ਦੀ ਪੂਜਾ ਕੀਤੀ, ਉਨ੍ਹਾਂ ਦਾ ਦਰਸ਼ਨ ਹੋਇਆ ਬਸ ਅਸੀਂ ਤਾਂ ਪਾਰ ਹੋ ਗਏ, ਇਸ ਵਿੱਚ ਹੀ ਖੁਸ਼ ਹੋ ਜਾਂਦੇ ਹਨ। ਪ੍ਰੰਤੂ ਹੈ ਕੁਝ ਵੀ ਨਹੀਂ। ਅਲਪਕਾਲ ਦੇ ਲਈ ਸੁਖ ਮਿਲਦਾ ਹੈ। ਦਰਸ਼ਨ ਹੋਇਆ ਖ਼ਲਾਸ। ਇਵੇਂ ਤਾਂ ਨਹੀਂ ਮੁਕਤੀ ਜੀਵਨਮੁਕਤੀ ਨੂੰ ਪਾ ਲਿਆ, ਕੁਝ ਵੀ ਨਹੀਂ। ਬਾਬਾ ਨੇ ਸੀੜੀ ਤੇ ਸਮਝਾਇਆ ਹੈ - ਭਾਰਤ ਉੱਚ ਤੋਂ ਉੱਚ ਸੀ। ਭਗਵਾਨ ਵੀ ਉੱਚ ਤੋਂ ਉਚ ਹੈ। ਭਾਰਤ ਵਿੱਚ ਉੱਚ ਤੋਂ ਉੱਚ ਵਰਸਾ ਹੈ ਇਨ੍ਹਾਂ ਲਕਸ਼ਮੀ - ਨਾਰਾਇਣ ਦਾ। ਜਦੋਂ ਸਵਰਗ ਸੀ, ਸਤੋਪ੍ਰਧਾਨ ਸਨ ਫਿਰ ਕਲਯੁਗ ਅੰਤ ਵਿੱਚ ਸਭ ਤਮੋਪ੍ਰਧਾਨ ਹੁੰਦੇ ਹਨ। ਬੁਲਾਉਂਦੇ ਹਨ ਅਸੀਂ ਬਿਲਕੁਲ ਪਤਿਤ ਹੋ ਗਏ ਹਾਂ। ਬਾਪ ਕਹਿੰਦੇ ਹਨ ਕਿ ਮੈਂ ਕਲਪ ਦੇ ਸੰਗਮ ਤੇ ਆਉਂਦਾ ਹਾਂ, ਤੁਹਾਨੂੰ ਰਾਜਯੋਗ ਸਿਖਾਉਣ। ਮੈਂ ਜੋ ਹਾਂ ਜਿਵੇਂ ਦਾ ਹਾਂ ਮੈਨੂੰ ਪੂਰੀ ਤਰ੍ਹਾਂ ਕੋਈ ਨਹੀਂ ਜਾਣਦੇ। ਤੁਹਾਡੇ ਵਿੱਚ ਵੀ ਨੰਬਰਵਾਰ ਪੁਰਸ਼ਾਰਥ ਅਨੁਸਾਰ ਜਾਣਦੇ ਹਨ। ਸੀੜੀ ਵਾਲਾ ਚਿੱਤਰ ਵਿਖਾਉਣਾ ਹੈ। ਇਹ ਭਾਰਤ ਦੀ ਸੀੜੀ ਹੈ। ਸਤਿਯੁਗ ਵਿੱਚ ਦੇਵੀ - ਦੇਵਤੇ ਸਨ। 5 ਹਜ਼ਾਰ ਵਰ੍ਹੇ ਪਹਿਲੇ ਭਾਰਤ ਅਜਿਹਾ ਸੀ। ਸ਼ਾਸਤਰਾਂ ਵਿੱਚ ਲੱਖਾਂ ਵਰ੍ਹਿਆਂ ਦਾ ਕਲਪ ਲਿਖ ਦਿੱਤਾ ਹੈ। ਬਾਪ ਕਹਿੰਦੇ ਹਨ ਕਿ ਲੱਖਾਂ ਵਰ੍ਹਿਆਂ ਦਾ ਨਹੀਂ, ਕਲਪ 5 ਹਜ਼ਾਰ ਵਰ੍ਹਿਆਂ ਦਾ ਹੈ। ਸਤਿਯੁਗ ਤ੍ਰੇਤਾ ਨਵੀਂ ਦੁਨੀਆਂ, ਦਵਾਪਰ ਕਲਯੁਗ ਪੁਰਾਣੀ ਦੁਨੀਆਂ। ਅੱਧਾ - ਅੱਧਾ ਹੁੰਦਾ ਹੈ ਨਾ। ਨਵੀਂ ਦੁਨੀਆਂ ਵਿੱਚ ਤੁਸੀਂ ਭਾਰਤਵਾਸੀ ਸੀ। ਬਾਪ ਸਮਝਾਉਂਦੇ ਹਨ ਮਿੱਠੇ ਬੱਚੇ ਹੁਣ ਤੁਸੀਂ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹੋ ਬਾਕੀ ਕੋਈ ਰਥ ਆਦਿ ਦੀ ਗੱਲ ਨਹੀਂ ਹੈ। ਕ੍ਰਿਸ਼ਨ ਤੇ ਸਤਿਯੁਗ ਦਾ ਪ੍ਰਿੰਸ ਹੈ। ਕ੍ਰਿਸ਼ਨ ਦਾ ਉਹ ਰੂਪ ਸਿਵਾਏ ਦਿੱਵਿਯ ਦ੍ਰਿਸ਼ਟੀ ਦੇ ਵੇਖਿਆ ਨਹੀਂ ਜਾਂਦਾ। ਇਹ ਚੇਤੰਨ ਰੂਪ ਨਾਲ ਤੇ ਸਤਿਯੁਗ ਵਿੱਚ ਸਨ ਫਿਰ ਕਦੇ ਉਹ ਰੂਪ ਮਿਲ ਨਹੀਂ ਸਕਦਾ। ਫਿਰ ਤਾਂ ਨਾਮ ਰੂਪ ਦੇਸ਼ ਕਾਲ ਬਦਲ ਜਾਂਦਾ ਹੈ। 84 ਜਨਮ ਲੈਂਦੇ ਹਨ। 84 ਜਨਮਾਂ ਵਿੱਚ 84 ਮਾਂ ਬਾਪ ਮਿਲਦੇ ਹਨ। ਵੱਖ - ਵੱਖ ਨਾਮ ਰੂਪ ਆਕੂਪੇਸ਼ਨ ਹੁੰਦਾ ਹੈ। ਹੁਣ ਇਹ ਭਾਰਤ ਦੀ ਹੀ ਸੀੜੀ ਹੈ। ਤੁਸੀਂ ਹੋ ਹੁਣ ਬ੍ਰਾਹਮਣ ਕੁਲਭੂਸ਼ਨ। ਬਾਪ ਨੇ ਕਲਪ ਪਹਿਲੋਂ ਵੀ ਆਕੇ ਤੁਹਾਨੂੰ ਦੇਵੀ - ਦੇਵਤਾ ਬਣਾਇਆ ਸੀ। ਉੱਥੇ ਤੁਸੀਂ ਸਰਵੋਤਮ ਕਰਮ ਕਰਦੇ ਸੀ। ਤੁਸੀਂ ਸਦਾ ਸੁਖੀ ਸੀ 21 ਜਨਮ। ਫਿਰ ਤੁਹਾਨੂੰ ਇਸ ਦੁਰਗਤੀ ਵਿੱਚ ਕਿਸਨੇ ਪਹੁੰਚਾਇਆ? ਮੈਂ ਹੀ ਕਲਪ ਪਹਿਲੋਂ ਤੁਹਾਨੂੰ ਸਦਗਤੀ ਦਿੱਤੀ ਸੀ ਫਿਰ 84 ਜਨਮ ਲੈਂਦੇ ਜਰੂਰ ਉਤਰਨਾ ਪਵੇ। ਸੂਰਜਵੰਸ਼ੀ ਵਿੱਚ 8 ਜਨਮ, ਚੰਦ੍ਰਵੰਸ਼ੀ ਵਿੱਚ 12 ਜਨਮ ਫਿਰ ਇਵੇਂ ਉੱਤਰਦੇ ਆਏ ਹੋ। ਤੁਸੀਂ ਹੀ ਸੋ ਦੇਵਤੇ ਸੀ, ਤੁਸੀਂ ਹੀ ਪੁਜਾਰੀ ਪਤਿਤ ਬਣੇ ਹੋ। ਭਾਰਤ ਹੁਣ ਕੰਗਾਲ ਹੈ। ਭਗਵਾਨੁਵਾਚ, ਤੁਸੀਂ ਜੋ 100 ਪ੍ਰਤੀਸ਼ਤ ਪਵਿੱਤਰ ਅਤੇ ਸਾਲਵੈਂਟ, ਏਵਰਹੇਲਦੀ, ਏਵਰਵੇਲਦੀ ਸੀ। ਕਿਸੇ ਰੋਗ ਦੁਖ ਦੀ ਗੱਲ ਨਹੀਂ ਸੀ, ਸੁਖਧਾਮ ਸੀ। ਉਸਨੂੰ ਕਹਿੰਦੇ ਹਨ ਗਾਰਡਨ ਆਫ ਅਲਾਹ। ਅਲਾਹ ਨੇ ਬਗੀਚਾ ਸਥਾਪਨ ਕੀਤਾ। ਜੋ ਦੇਵੀ - ਦੇਵਤਾ ਸਨ ਉਹ ਹੁਣ ਕੰਡੇ ਬਣੇ ਹਨ। ਹੁਣ ਜੰਗਲ ਬਣ ਗਿਆ ਹੈ। ਜੰਗਲ ਵਿੱਚ ਕੰਡੇ ਲੱਗਦੇ ਹਨ। ਬਾਪ ਕਹਿੰਦੇ ਹਨ ਕਾਮ ਮਹਾਸ਼ਤ੍ਰੂ ਹੈ, ਇਸ ਤੇ ਜਿੱਤ ਪਾਵੋ। ਇਸਨੇ ਆਦਿ - ਮੱਧ - ਅੰਤ ਤੁਹਾਨੂੰ ਦੁਖ ਦਿੱਤਾ ਹੈ। ਇੱਕ ਦੂਜੇ ਤੇ ਕਾਮ ਕਟਾਰੀ ਚਲਾਉਣਾ ਇਹ ਸਭ ਤੋਂ ਵੱਡਾ ਪਾਪ ਹੈ। ਬਾਪ ਬੈਠ ਆਪਣਾ ਪਰਿਚੈ ਦਿੰਦੇ ਹਨ ਕਿ ਮੈਂ ਪਰਮਧਾਮ ਵਿੱਚ ਰਹਿਣ ਵਾਲਾ ਪਰਮ ਆਤਮਾ ਹਾਂ। ਮੈਨੂੰ ਕਹਿੰਦੇ ਹਨ ਮੈਂ ਸ੍ਰਿਸ਼ਟੀ ਦਾ ਬੀਜਰੂਪ ਪਰਮ ਆਤਮਾ, ਮੈਂ ਸਭਦਾ ਬਾਪ ਹਾਂ। ਸਾਰੀਆਂ ਆਤਮਾਵਾਂ ਬਾਪ ਨੂੰ ਪੁਕਾਰਦੀਆਂ ਹਨ ਕਿ ਹੇ ਪਰਮਪਿਤਾ ਪ੍ਰਮਾਤਮਾ। ਜਿਵੇਂ ਤੁਹਾਡੀ ਆਤਮਾ ਸਟਾਰ ਮਿਸਲ ਹੈ, ਬਾਬਾ ਵੀ ਪਰਮ ਆਤਮਾ ਸਟਾਰ ਹੈ। ਛੋਟਾ - ਵੱਡਾ ਨਹੀਂ ਹੈ। ਬਾਪ ਕਹਿੰਦੇ ਹਨ ਮੈਂ ਅੰਗੂਠੇ ਮਿਸਲ ਵੀ ਨਹੀਂ ਹਾਂ। ਮੈਂ ਪਰਮ ਆਤਮਾ ਹਾਂ। ਤੁਹਾਡਾ ਸਭ ਦਾ ਬਾਪ ਹਾਂ। ਉਸਨੂੰ ਕਿਹਾ ਜਾਂਦਾ ਹੈ ਸੁਪ੍ਰੀਮ ਸੋਲ, ਨਾਲੇਜਫੁਲ। ਬਾਪ ਸਮਝਾਉਂਦੇ ਹਨ ਮੈਂ ਨਾਲੇਜਫੁਲ, ਮਨੁੱਖ ਸ੍ਰਿਸ਼ਟੀ ਦੇ ਝਾੜ ਦਾ ਬੀਜਰੂਪ ਹਾਂ। ਮੈਨੂੰ ਭਗਤ ਲੋਕੀ ਕਹਿੰਦੇ ਹਨ ਕਿ ਪਰਮਾਤਮਾ ਸਤ ਚਿੱਤ ਆਨੰਦ ਸਵਰੂਪ ਹੈ, ਉਹ ਗਿਆਨ ਦਾ ਸਾਗਰ ਹੈ, ਸੁਖ ਦਾ ਸਾਗਰ ਹੈ। ਮਹਿਮਾ ਕਿੰਨੀ ਹੈ। ਜੇਕਰ ਨਾਮ ਰੂਪ ਦੇਸ਼ ਕਾਲ ਨਹੀਂ ਤਾਂ ਬੁਲਾਉਣਗੇ ਕਿਸਨੂੰ। ਸਾਧੂ ਸੰਤ ਆਦਿ ਸਭ ਤੁਹਾਨੂੰ ਭਗਤੀਮਾਰਗ ਦੇ ਸ਼ਾਸ਼ਤਰ ਸੁਣਾਉਂਦੇ ਹਨ। ਮੈਂ ਤੁਹਾਨੂੰ ਆਕੇ ਰਾਜਯੋਗ ਸਿਖਾਉਂਦਾ ਹਾਂ।

ਬਾਪ ਸਮਝਾਉਂਦੇ ਹਨ ਤੁਸੀਂ ਪਤਿਤ - ਪਾਵਨ ਮੈਨੂੰ ਗਿਆਨ ਸਾਗਰ ਬਾਪ ਨੂੰ ਕਹਿੰਦੇ ਹੋ। ਤੁਸੀਂ ਵੀ ਮਾਸਟਰ ਗਿਆਨ ਸਾਗਰ ਬਣਦੇ ਹੋ। ਗਿਆਨ ਨਾਲ ਸਦਗਤੀ ਮਿਲ ਜਾਂਦੀ ਹੈ। ਭਾਰਤ ਨੂੰ ਸਦਗਤੀ ਬਾਪ ਹੀ ਦੇਣਗੇ। ਸ੍ਰਵ ਦਾ ਸਦਗਤੀ ਦਾਤਾ ਇੱਕ ਹੀ ਹੈ। ਸ੍ਰਵ ਦੀ ਦੁਰਗਤੀ ਫਿਰ ਕੌਣ ਕਰਦਾ ਹੈ? ਰਾਵਣ। ਹੁਣ ਤੁਹਾਨੂੰ ਇਹ ਕੌਣ ਸਮਝਾ ਰਹੇ ਹਨ? ਇਹ ਹੈ ਪਰਮ ਆਤਮਾ। ਆਤਮਾ ਤੇ ਇੱਕ ਸਟਾਰ ਮਿਸਲ ਅਤਿ ਸੂਖਸ਼ਮ ਹੈ। ਪ੍ਰਮਾਤਮਾ ਵੀ ਡਰਾਮੇ ਵਿੱਚ ਪਾਰ੍ਟ ਵਜਾਉਂਦਾ ਹੈ। ਕ੍ਰਿਏਟਰ, ਡਾਇਰੈਕਟਰ, ਮੁੱਖ ਐਕਟਰ ਹਨ। ਬਾਪ ਸਮਝਾਉਂਦੇ ਹਨ ਕਿ ਉੱਚ ਤੋਂ ਉੱਚ ਪਾਰ੍ਟਧਾਰੀ ਕੌਣ ਹੈ? ਉੱਚ ਤੇ ਉੱਚ ਭਗਵਾਨ। ਜਿਸ ਦੇ ਨਾਲ ਤੁਸੀਂ ਆਤਮਾਵਾਂ ਬੱਚੇ ਸਭ ਰਹਿੰਦੇ ਹੋ। ਕਹਿੰਦੇ ਵੀ ਹਨ ਕਿ ਪ੍ਰਮਾਤਮਾ ਸਭਨੂੰ ਭੇਜਣ ਵਾਲਾ ਹੈ। ਇਹ ਵੀ ਸਮਝਣ ਦੀ ਗੱਲ ਹੈ। ਡਰਾਮਾ ਤਾਂ ਅਨਾਦਿ ਬਣਿਆ ਹੋਇਆ ਹੈ।

ਬਾਪ ਕਹਿੰਦੇ ਹਨ ਕਿ ਮੈਨੂੰ ਤੁਸੀਂ ਕਹਿੰਦੇ ਹੋ ਗਿਆਨ ਦਾ ਸਾਗਰ, ਸਾਰੀ ਸ੍ਰਿਸ਼ਟੀ ਦੇ ਆਦਿ ਮੱਧ ਅੰਤ ਨੂੰ ਜਾਨਣ ਵਾਲਾ। ਹੁਣ ਇਹ ਜਿਹੜੇ ਸ਼ਾਸਤਰ ਆਦਿ ਪੜ੍ਹਦੇ ਹਨ, ਇਨ੍ਹਾਂਨੂੰ ਬਾਪ ਜਾਣਦੇ ਹਨ। ਬਾਪ ਕਹਿੰਦੇ ਹਨ ਕਿ ਮੈਂ ਪ੍ਰਜਾਪਿਤਾ ਬ੍ਰਹਮਾ ਦੇ ਦਵਾਰਾ ਸਾਰੇ ਸ਼ਾਸਤਰਾਂ ਦਾ ਸਾਰ ਆਕੇ ਦੱਸਦਾ ਹਾਂ। ਵਿਖਾਉਂਦੇ ਹਨ ਕਿ ਵਿਸ਼ਨੂੰ ਦੀ ਨਾਭੀ ਵਿਚੋਂ ਬ੍ਰਹਮਾ ਨਿਕਲਿਆ। ਤਾਂ ਕਿੱਥੇ ਨਿਕਲਿਆ? ਮਨੁੱਖ ਤਾਂ ਜਰੂਰ ਇੱਥੇ ਹੀ ਹੋਣਗੇ ਨਾ। ਇਨ੍ਹਾਂ ਦੀ ਨਾਭੀ ਵਿਚੋਂ ਬ੍ਰਹਮਾ ਨਿਕਲਿਆ ਫਿਰ ਭਗਵਾਨ ਨੇ ਬੈਠ ਇੰਨ੍ਹਾਂ ਦੇ ਦਵਾਰਾ ਸਾਰਿਆਂ ਵੇਦਾਂ ਸ਼ਾਸਤਰਾਂ ਦਾ ਸਾਰ ਸੁਣਾਇਆ। ਆਪਣਾ ਵੀ ਨਾਮ ਰੂਪ ਦੇਸ਼ ਕਾਲ ਸਮਝਾਇਆ ਹੈ। ਮਨੁੱਖ ਸ੍ਰਿਸ਼ਟੀ ਦਾ ਬੀਜਰੂਪ ਹੈ ਨਾ। ਇਸ ਬ੍ਰਿਖ ਦੀ ਉਤਪਤੀ, ਪਾਲਣਾ, ਵਿਨਾਸ਼ ਕਿਵੇਂ ਹੁੰਦਾ ਹੈ, ਉਸਨੂੰ ਕੋਈ ਨਹੀਂ ਜਾਣਦੇ। ਇਸ ਨੂੰ ਵੈਰਾਇਟੀ ਝਾੜ ਕਿਹਾ ਜਾਂਦਾ ਹੈ। ਸਾਰੇ ਨੰਬਰਵਾਰ ਆਪਣੇ ਸਮੇਂ ਤੇ ਆਉਂਦੇ ਹਨ। ਪਹਿਲੇ ਨੰਬਰ ਵਿੱਚ ਦੇਵੀ - ਦੇਵਤਾ ਧਰਮ ਦੀ ਸਥਾਪਨਾ ਕਰਵਾਉਂਦਾ ਹਾਂ ਜਦੋਂਕਿ ਉਹ ਧਰਮ ਨਹੀਂ ਹੈ। ਬਾਪ ਕਹਿੰਦੇ ਹਨ ਕਿ ਕਿੰਨੇਂ ਤੁੱਛ ਬੁੱਧੀ ਹੋ ਗਏ ਹਨ। ਦੇਵਤਾਵਾਂ ਦੀ, ਲਕਸ਼ਮੀ - ਨਾਰਾਇਣ ਦੀ ਪੂਜਾ ਕਰਦੇ ਹਨ ਪ੍ਰੰਤੂ ਉਨ੍ਹਾਂ ਦਾ ਰਾਜ ਪ੍ਰਿਥਵੀ ਤੇ ਕਦੋਂ ਸੀ ਉਹ ਕੁਝ ਨਹੀਂ ਜਾਣਦੇ ਹਨ। ਹੁਣ ਭਾਰਤ ਦਾ ਉਹ ਦੇਵਤਾ ਧਰਮ ਹੀ ਨਹੀਂ ਹੈ, ਸਿਰ੍ਫ ਚਿੱਤਰ ਰਹਿ ਗਏ ਹਨ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਮਾਸਟਰ ਗਿਆਨ ਸਾਗਰ ਬਣ ਪਤਿਤ ਤੋਂ ਪਾਵਨ ਬਨਾਉਣ ਦੀ ਸੇਵਾ ਕਰਨੀ ਹੈ। ਬਾਪ ਨੇ ਜੋ ਸਾਰੇ ਸ਼ਾਸਤਰਾਂ ਦਾ ਸਾਰ ਸੁਣਾਇਆ ਹੈ ਉਸਨੂੰ ਬੁੱਧੀ ਵਿੱਚ ਰੱਖ ਸਦਾ ਖੁਸ਼ ਰਹਿਣਾ ਹੈ।

2. ਇੱਕ ਬਾਪ ਦੀ ਸ਼੍ਰੀਮਤ ਦਾ ਹਰ ਪਲ ਪਾਲਣ ਕਰਨਾ ਹੈ। ਦੇਹ ਦੇ ਸਭ ਧਰਮ ਤਿਆਗ ਆਤਮ - ਅਭਿਮਾਨੀ ਬਣਨ ਦੀ ਮਿਹਨਤ ਕਰਨੀ ਹੈ।

ਵਰਦਾਨ:- ਵਿਸਤਾਰ ਨੂੰ ਸਾਰ ਵਿਚ ਸਮਾਕੇ ਆਪਣੀ ਸ੍ਰੇਸ਼ਠ ਸਥਿਤੀ ਬਨਾਉਣ ਵਾਲੇ ਬਾਪ ਸਮਾਨ ਲਾਈਟ ਮਾਇਟ ਹਾਊਸ ਭਵ।

ਬਾਪ ਸਮਾਨ ਲਾਈਟ, ਮਾਇਟ ਹਾਊਸ ਬਣਨ ਦੇ ਲਈ ਕੋਈ ਵੀ ਗਲ ਵੇਖਦੇ ਜਾਂ ਸੁਣਦੇ ਹੋ ਤਾਂ ਉਸਦੇ ਸਾਰ ਨੂੰ ਜਾਣਕੇ ਇੱਕ ਸੈਕਿੰਡ ਵਿਚ ਸਮਾ ਦੇਣ ਅਤੇ ਪਰਿਵਰਤਨ ਕਰਨ ਦਾ ਅਭਿਆਸ ਕਰੋ। ਕਿਉਂ, ਕੀ ਦੇ ਵਿਸਤਾਰ ਵਿੱਚ ਨਹੀਂ ਜਾਵੋ ਕਿਉਂਕਿ ਕਿਸੇ ਵੀ ਗਲ ਦੇ ਵਿਸਤਾਰ ਵਿੱਚ ਜਾਣ ਦੇ ਸਮੇਂ ਅਤੇ ਸ਼ਕਤੀਆਂ ਵਿਅਰਥ ਜਾਂਦੀ ਹੈ। ਤਾਂ ਵਿਸਤਾਰ ਨੂੰ ਸਮਾਕੇ ਸਾਰ ਵਿਚ ਸਥਿਤ ਹੋਣ ਦਾ ਅਭਿਆਸ ਕਰੋ - ਇਸ ਨਾਲ ਦੂਜਿਆਂ ਆਤਮਾਵਾਂ ਨੂੰ ਵੀ ਇਕ ਸੈਕਿੰਡ ਵਿਚ ਸਾਰੇ ਗਿਆਨ ਦਾ ਸਾਰ ਅਨੁਭਵ ਕਰਵਾ ਸਕੋਗੇ।

ਸਲੋਗਨ:- ਆਪਣੀ ਵ੍ਰਿਤੀ ਨੂੰ ਪਾਵਰਫੁੱਲ ਬਣਾਓ ਤਾਂ ਸੇਵਾ ਵਿਚ ਵ੍ਰਿਧੀ ਖੁਦ ਹੀ ਹੋਵੇਗੀ।

******

ਇਹ ਅਵਿਅਕਤ ਇਸ਼ਾਰੇ - ‘‘ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੈ ਅਤੇ ਨਿਸ਼ਚਿੰਤ ਰਹੋ’’

ਜੇਕਰ ਨਿਸ਼ਚੇ ਰੂਪੀ ਫਾਉਂਡੇਸ਼ਨ ਪੱਕਾ ਹੈ ਤਾਂ ਸਹਿਜ ਯੋਗੀ, ਨਿਰਮਲ ਸੁਭਾਅ, ਸ਼ੁਭ ਭਾਵਨਾ ਦੀ ਵ੍ਰਿਤੀ ਅਤੇ ਆਤਮਿਕ ਦ੍ਰਿਸ਼ਟੀ ਵਾਲੇ ਹੋਣਗੇ। ਚਲਣ ਅਤੇ ਚਿਹਰੇ ਤੋਂ ਹਰ ਸਮੇਂ ਸਰਲਤਾ ਦੀ ਝਲਕ ਅਨੁਭਵ ਹੁੰਦੀ ਰਹੇਗੀ। ਤਾਂ ਹਰੇਕ ਦੀ ਵਿਸ਼ੇਸ਼ਤਾ ਨੂੰ ਸਮ੍ਰਿਤੀ ਵਿਚ ਰੱਖ ਇੱਕ ਦੇ ਵਿਚ ਫੇਥਫੁੱਲ ਰਹੋ ਤਾਂ ਉਨ੍ਹਾਂ ਦੀਆਂ ਗੱਲਾਂ ਦਾ ਭਾਵ ਬਦਲ ਜਾਵੇਗਾ।